# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 98772-46588, +1 (418) 887-0162

Epaper World Punjabi Times | 20 ਦਸੰਬਰ 2023 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਬੈਂਬੋ ਸਕੂਲ ਚ ਪੜ੍ਹਾਉਣ ਲਈ 2 ਅਧਿਆਪਕਾਂ ਦੀ ਲੋੜ : ਡਿਪਟੀ ਕਮਿਸ਼ਨਰ*

### *ਚਾਹਵਾਨ ਉਮੀਦਵਾਰ 21 ਦਸੰਬਰ ਨੂੰ ਰੈਡ ਕਰਾਸ ਸੁਸਾਇਟੀ ਦਫ਼ਤਰ ਵਿਖੇ ਦੇ ਸਕਦੇ ਹਨ ਵਾਕ-ਇਨ ਇੰਟਰਵਿਊ*

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ




ਬਠਿੰਡਾ, 20 ਦਸੰਬਰ : ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਜ਼ਿਲ੍ਹੇ ਵਿੱਚ ਆਪਣੀਆਂ ਵੱਖ-ਵੱਖ ਵਿਦਿਅਕ ਖੋਜਾਂ ਨੂੰ ਲਾਗੂ ਕਰਨ ਲਈ ਜ਼ਿਲ੍ਹਾ ਐਜੂਕੇਸ਼ਨ ਸੁਸਾਇਟੀ ਦਾ ਗਠਨ ਕੀਤਾ ਹੈ, ਜਿਸ ਵਿੱਚ ਰੋਜ਼ ਗਾਰਡਨ ਅਤੇ ਲਾਲ ਕੁਆਟਰ-ਖੇਤਾ ਸਿੰਘ ਬਸਤੀ ਵਿਖੇ ਬੈਂਬੋ ਸਕੂਲ ਖੋਲ੍ਹਿਆ ਗਿਆ ਹੈ, ਜਿੱਥੇ ਸਕੂਲ ਨਾ ਜਾਣ ਵਾਲੇ ਬੱਚਿਆਂ ਨੂੰ ਮੁਫ਼ਤ ਪੜ੍ਹਾਇਆ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਸੋਸਾਇਟੀ ਨੂੰ ਇਸ ਸਕੂਲ ਵਿੱਚ ਪੜ੍ਹਾਉਣ ਲਈ ਦੋ ਅਧਿਆਪਕਾਂ ਦੀ ਲੋੜ ਹੈ, ਜੋ ਸਮਾਜਿਕ ਤੌਰ 'ਤੇ ਪ੍ਰੇਰਿਤ ਹੋਣ ਅਤੇ ਸਿੱਖਿਆ ਰਾਹੀਂ ਸਮਾਜ ਵਿੱਚ ਬਦਲਾਅ ਲਿਆਉਣ ਦੇ ਇੱਛੁਕ ਹੋਣ। ਸਥਾਨਕ ਖੇਤਾ ਸਿੰਘ ਬਸਤੀ ਅਤੇ ਰੋਜ਼ ਗਾਰਡਨ ਦੇ ਆਸ-ਪਾਸ ਦੇ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਚਾਹਵਾਨ ਉਮੀਦਵਾਰ 21 ਦਸੰਬਰ 2023 ਨੂੰ ਰੈਡ ਕਰਾਸ ਸੁਸਾਇਟੀ ਦਫ਼ਤਰ ਵਿਖੇ ਸਵੇਰੇ 9 ਤੋਂ ਸਵੇਰੇ 11 ਵਜੇ ਤੱਕ ਆਪਣੇ ਰੈਜ਼ਿਊਮੇ ਦੀ ਕਾਪੀ ਨਾਲ ਵਾਕ-ਇਨ ਇੰਟਰਵਿਊ ਵਿੱਚ ਹਿੱਸਾ ਲੈਣ ਸਕਦੇ ਹਨ। ਉਨ੍ਹਾਂ ਕਿਹਾ ਕਿ ਬਿਨੈਕਾਰ ਨੂੰ ਕਿਸੇ ਵੀ ਅਨੁਸ਼ਾਸਨ ਵਿੱਚ ਬੈਚਲਰ ਦੀ ਡਿਗਰੀ ਦੀ ਘੱਟੋ ਘੱਟ ਯੋਗਤਾ ਹੋਣੀ ਚਾਹੀਦੀ ਹੈ। ਉਮੀਦਵਾਰ ਨੂੰ 7 ਹਜ਼ਾਰ ਰੁਪਏ ਤੇ 500 (FLTA) ਦੀ ਮਹੀਨਾਵਾਰ ਟੋਕਨ ਮਨੀ ਮਿਲੇਗੀ। ਇਸ ਪ੍ਰੋਗਰਾਮ ਦੇ ਪੂਰਾ ਹੋਣ 'ਤੇ ਇੱਕ ਸਰਟੀਫਿਕੇਟ ਵੀ ਦਿੱਤਾ ਜਾਵੇਗਾ।

ਚਾਹਵਾਨ ਉਮੀਦਵਾਰ 86993-66147 'ਤੇ ਸੰਪਰਕ ਕਰ ਸਕਦੇ ਹਨ ਜਾਂ dcbtiinternship@gmail.com 'ਤੇ ਈਮੇਲ ਕਰ ਸਕਦੇ ਹਨ।

## ਸਾਈਬਰ ਕ੍ਰਾਈਮ ਪੀੜਤਾਂ ਲਈ ਉਮੀਦ: ਪੰਜਾਬ ਪੁਲਿਸ ਨੇ ਧੋਖਾਧੜੀ ਦੀਆਂ 28 ਹਜ਼ਾਰ ਤੋਂ ਵੱਧ ਸ਼ਿਕਾਇਤਾਂ ਦੇ 15.5 ਕਰੋੜ ਰੁਪਏ ਫਰੀਜ਼ ਕੀਤੇ; 28.5 ਲੱਖ ਰੁਪਏ ਵਾਪਸ ਕੀਤੇ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ 20 ਦਸੰਬਰ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਦੇ ਸਾਈਬਰ ਕ੍ਰਾਈਮ ਵਿੱਤੀ ਧੋਖਾਧੜੀ ਦੇ ਪੀੜਤਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਪਹਿਲਾ ਕਦਮ ਚੁੱਕਦੇ ਹੋਏ, ਪੰਜਾਬ ਪੁਲਿਸ ਦੇ ਸਾਈਬਰ ਕ੍ਰਾਈਮ ਸੈੱਲ ਨੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਦੇ ਤਾਲਮੇਲ ਨਾਲ ਸਫਲਤਾਪੂਰਵਕ ਸੁਵਿਧਾ ਪ੍ਰਦਾਨ ਕੀਤੀ ਹੈ। ਪੁਲਿਸ ਦੇ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਮੰਗਲਵਾਰ ਨੂੰ ਇੱਥੇ ਕਿਹਾ ਕਿ ਸਬੰਧਤ ਬੈਂਕਾਂ ਤੋਂ ਪੀੜਤਾਂ ਦੇ ਖਾਤਿਆਂ ਵਿੱਚ 28.5 ਲੱਖ ਰੁਪਏ ਦੀ ਫਰੀਜ਼ ਕੀਤੀ ਰਕਮ ਵਾਪਸ ਕਰ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਸਾਈਬਰ ਕ੍ਰਾਈਮ ਸੈੱਲ, ਪੰਜਾਬ ਵੱਲੋਂ ਸਾਲ 2021 ਤੋਂ ਸਾਈਬਰ ਹੈਲਪਲਾਈਨ 1930 ਦੀ ਸਹੂਲਤ ਲਾਗੂ ਕੀਤੀ ਗਈ ਸੀ ਤਾਂ ਜੋ ਉਨ੍ਹਾਂ ਨਾਗਰਿਕਾਂ ਨੂੰ ਵਿੱਤੀ ਨੁਕਸਾਨ ਤੋਂ ਬਚਾਇਆ ਜਾ ਸਕੇ, ਜੋ ਸਾਈਬਰ ਕ੍ਰਾਈਮ ਵਿੱਤੀ ਧੋਖਾਧੜੀ ਦਾ ਸ਼ਿਕਾਰ ਹੋ ਸਕਦੇ ਹਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਹੈਲਪਲਾਈਨ 1930 ਜਾਂ ਸਿਟੀਜ਼ਨ ਫਾਈਨੈਂਸ਼ੀਅਲ ਸਾਈਬਰ ਫਰਾਡ ਰਿਪੋਰਟਿੰਗ ਐਂਡ ਮੈਨੇਜਮੈਂਟ ਸਿਸਟਮ (ਸੀਐਫਸੀਐਫਆਰਐਮਐਸ) 'ਤੇ ਸ਼ਿਕਾਇਤ ਦਰਜ ਹੋਣ ਤੋਂ ਬਾਅਦ, ਸਾਈਬਰ ਅਪਰਾਧ ਧੋਖਾਧੜੀ ਦੇ ਪੀੜਤਾਂ ਦੇ ਪੈਸੇ ਮੁਲਜ਼ਮਾਂ/ਸ਼ੱਕੀ ਵਿਅਕਤੀਆਂ ਦੇ ਖਾਤਿਆਂ ਵਿੱਚ ਜਮ੍ਹਾ ਹੋ ਗਏ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਹੈਲਪਲਾਈਨ 1930 ਜਾਂ ਸਿਟੀਜ਼ਨ ਫਾਈਨੈਂਸ਼ੀਅਲ ਸਾਈਬਰ ਫਰਾਡ ਰਿਪੋਰਟਿੰਗ ਐਂਡ ਮੈਨੇਜਮੈਂਟ ਸਿਸਟਮ (ਸੀਐਫਸੀਐਫਆਰਐਮਐਸ) 'ਤੇ ਸ਼ਿਕਾਇਤ ਦਰਜ ਹੋਣ ਤੋਂ ਬਾਅਦ, ਸਾਈਬਰ ਅਪਰਾਧ ਧੋਖਾਧੜੀ ਦੇ ਪੀੜਤਾਂ ਦੇ ਪੈਸੇ ਮੁਲਜ਼ਮਾਂ/ਸ਼ੱਕੀ ਵਿਅਕਤੀਆਂ ਦੇ ਖਾਤਿਆਂ ਵਿੱਚ ਜਮ੍ਹਾ ਹੋ ਗਏ।

"ਹੁਣ ਤੱਕ, ਪੰਜਾਬ ਵਿੱਚ ਹੈਲਪਲਾਈਨ 1930 'ਤੇ ਵਿੱਤੀ ਧੋਖਾਧੜੀ ਦੀਆਂ 28642 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਸਨ, ਜਿਸ 'ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਸਾਈਬਰ ਸੈੱਲ ਨੇ ਲਗਭਗ 15.5 ਕਰੋੜ ਰੁਪਏ ਦੀ ਰਕਮ ਨੂੰ ਫ੍ਰੀਜ਼ (ਡੈਬਿਟ ਫ੍ਰੀਜ਼/ਲੀਅਨ ਫ੍ਰੀਜ਼) ਕਰ ਦਿੱਤਾ ਹੈ, ਜੋ ਕਿ ਇਸ ਵਿੱਚ ਪਈ ਹੈ। ਬੈਂਕਾਂ, "ਉਸਨੇ ਕਿਹਾ।

ਡੀਜੀਪੀ ਨੇ ਕਿਹਾ ਕਿ ਫਰੀਜ਼ ਕੀਤੀ ਰਕਮ ਦੀ ਵਾਪਸੀ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ, ਸਾਈਬਰ ਕ੍ਰਾਈਮ ਸੈੱਲ ਨੇ ਲੋਕ ਅਦਾਲਤਾਂ ਰਾਹੀਂ ਸੀਆਰਪੀਸੀ ਦੀ ਧਾਰਾ 457 ਦੇ ਤਹਿਤ ਪੀੜਤ ਖਾਤਿਆਂ ਵਿੱਚ ਰਿਫੰਡ ਦੀ ਸਹੂਲਤ ਲਈ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਨਾਲ ਸੰਪਰਕ ਕੀਤਾ ਹੈ

ਉਨ੍ਹਾਂ ਦੱਸਿਆ ਕਿ ਵਧੀਕ ਡਾਇਰੈਕਟਰ ਜਨਰਲ ਆਫ ਪੁਲਿਸ (ਏ.ਡੀ.ਜੀ.ਪੀ.) ਸਾਈਬਰ ਕ੍ਰਾਈਮ ਵੀ ਨੀਰਜਾ ਨੇ 5 ਦਸੰਬਰ 2023 ਨੂੰ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਨਾਲ ਮੀਟਿੰਗ ਕੀਤੀ ਸੀ ਅਤੇ ਸਮੂਹ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਸਨ।

## ਸਿੱਖੀ ਸ਼ਹਾਦਤਾਂ ਦਾ ਸਾਰਾ ਇਤਿਹਾਸ ਜੀਵਨ ਦੇ ਉੱਚੇ ਮਾਰਗਾਂ ਦੀ ਦੱਸ ਪਾਉਂਦੈ : ਡਾ. ਦੇਵਿੰਦਰ ਸੈਫੀ

### ਡਾ. ਦੇਵਿੰਦਰ ਸੈਫੀ ਨੇ ਆਪਣੀ ਪ੍ਰਸਿੱਧ ਕਵਿਤਾ 'ਨੀਂ ਕੁੜੀਓ ਹੱਸਦੀਆਂ ਰਹੋ' ਕੀਤੀ ਪੇਸ਼

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 20 ਦਸੰਬਰ (/ਵਰਲਡ ਪੰਜਾਬੀ ਟਾਈਮਜ਼)ਸਥਾਨਕ ਡਾ. ਚੰਦਾ ਸਿੰਘ ਮਰਵਾਹ ਸਰਕਾਰੀ ਸੀਨੀ. ਸੈਕੰਡਰੀ ਸਕੂਲ (ਲੜਕੀਆਂ) ਵਿਖੇ ਉੱਘੇ ਸਾਹਿਤਕਾਰ ਡਾ. ਦੇਵਿੰਦਰ ਸੈਫੀ ਦਾ ਸਿੱਖੀ ਸ਼ਹਾਦਤਾਂ ਦੀ ਯਾਦ 'ਚ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ। ਆਰੰਭ 'ਚ ਪ੍ਰਿੰਸੀਪਲ ਪ੍ਰਭਜੋਤ ਸਿੰਘ ਨੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਹਿਤ ਉਲੀਕੀਆਂ ਆਪਣੀਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਡਾ. ਸੈਫੀ ਦੀਆਂ ਲਿਖਤਾਂ ਬਾਰੇ ਜਾਣ-ਪਛਾਣ ਕਰਵਾ ਕੇ ਸਿੱਖਿਆ, ਪੰਜਾਬੀ ਭਾਸ਼ਾ ਅਤੇ





ਸਮਾਜਸੇਵਾ ਹਿਤ ਕੀਤੇ ਉਹਨਾਂ ਦੇ ਕਾਰਜਾਂ ਦੀ ਵਾਕਫੀਅਤ ਕਰਵਾਈ ਤੇ ਜੀ ਆਇਆਂ ਕਿਹਾ। ਆਪਣੇ ਭਾਸ਼ਣ ਦੌਰਾਨ ਗੁਰੂ ਤੇਗ ਬਹਾਦਰ ਅਤੇ ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ ਨੂੰ ਵਿਸ਼ੇਸ਼ ਤੌਰ 'ਤੇ ਯਾਦ ਕਰਦਿਆਂ ਡਾ. ਸੈਫੀ ਨੇ ਗੁਰਬਾਣੀ ਅਤੇ ਇਤਿਹਾਸ ਉੱਪਰ ਸਾਂਝੇ ਤੌਰ 'ਤੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਗੁਰਮਤਿ ਸਾਹਿਤ ਬੰਦੇ ਦੀ ਉਚੇਰੀ ਚੇਤਨਾ ਅਤੇ ਗੌਰਵਤਾ ਲਈ ਜਿਹੜੀ ਬੁਨਿਆਦ ਤਿਆਰ ਕਰਦਾ ਹੈ, ਉਸਨੂੰ ਗੁਰੂ ਅਰਜਨ ਪਾਤਸ਼ਾਹ, ਗੁਰੂ ਤੇਗ ਬਹਾਦਰ, ਸਾਹਿਬਜਾਦਿਆਂ ਅਤੇ ਸਿਦਕੀ ਸਿੱਖਾਂ ਵਲੋਂ ਵਿਹਾਰਕ ਤੌਰ ਉੱਪਰ ਵੱਡੀਆਂ ਕੁਰਬਾਨੀਆਂ ਦੇ ਕੇ ਦ੍ਰਿੜ ਕਰ ਦਿੱਤਾ ਜਾਂਦਾ ਹੈ। ਇਹਨਾਂ ਸਭ ਸ਼ਹਾਦਤਾਂ ਦਾ ਪੂਰਾ ਇਤਿਹਾਸ ਸਾਨੂੰ ਉਚੇਰੇ ਜੀਵਨ ਮਾਰਗਾਂ ਵੱਲ ਪ੍ਰੇਰਦਾ ਹੈ। ਅਫਸੋਸ ਕਿ ਅਸੀਂ ਐਨੀਆਂ ਵੱਡੀਆਂ ਕੁਰਬਾਨੀਆਂ ਨੂੰ ਛੋਟੇ-ਛੋਟੇ ਹਿਤਾਂ ਅਤੇ ਖਾਣ ਪੀਣ ਦੀਆਂ ਅਲਾਮਤਾਂ ਤੱਕ ਸੀਮਤ ਕਰਕੇ ਅਸਲ ਧਰਮ ਅਤੇ ਰੌਸ਼ਨੀ ਦੇ ਤੱਤ ਤੋਂ ਅਣਭਿੱਜ ਹੀ ਰਹਿ ਜਾਂਦੇ ਹਾਂ। ਉਹਨਾਂ ਵਿਦਿਆਰਥੀਆਂ ਦੇ ਪੱਧਰ ਦੀਆਂ ਵਿਗਿਆਨਕ ਉਦਾਹਰਨਾਂ ਦੇ ਕੇ ਜੀਵਨ ਦੀ ਉਚਾਈ ਅਤੇ ਅਧਿਐਨ ਉੱਪਰ ਜੋਰ ਦਿੱਤਾ। ਇਸ ਮੌਕੇ ਜੋਰਦਾਰ ਤਾੜੀਆਂ 'ਚ ਉਹਨਾਂ ਆਪਣੀ ਪ੍ਰਸਿੱਧ ਕਵਿਤਾ "ਨੀਂ ਕੁੜੀਓ ਹੱਸਦੀਆਂ ਰਹੋ" ਵੀ ਪੇਸ਼ ਕੀਤੀ। ਇਸ ਮੌਕੇ ਉਹਨਾਂ ਵਲੋਂ ਲਿਖਿਆ ਗੀਤ "ਜੋਰ ਜੁਲਮ ਦੇ ਅੱਗੇ ਸੱਚ ਨੂੰ ਨਹੀਂ ਝੁਕਾ ਸਕਦੇ" ਖੂਬਸੂਰਤ ਸੁਰਾਂ ਨਾਲ ਹਰਮਨਜੋਤ ਸਿੰਘ ਨੇ ਪੇਸ਼ ਕੀਤਾ। ਸਕੂਲ ਦੇ ਵਿਦਿਆਰਥੀਆਂ ਨੇ ਸਿੱਖ ਕੌਮ ਦੇ ਇਤਿਹਾਸ ਤੇ ਸੰਘਰਸ਼ ਵਾਲੀਆਂ ਕਵਿਤਾਵਾਂ ਪੇਸ਼ ਕੀਤੀਆਂ। ਮੰਚ ਸੰਚਾਲਨ ਦੀ ਭੂਮਿਕਾ ਕੁਲਵਿੰਦਰ ਸਿੰਘ ਨੇ ਨਿਭਾਈ। ਸਮੂਹ ਅਧਿਆਪਕਾਂ ਰਜਿੰਦਰ ਸਿੰਘ, ਗੁਰਤੇਜ ਸਿੰਘ, ਚੰਦਨ ਸਿੰਘ, ਮਨੋਹਰ ਲਾਲ ਸਮੇਤ ਪਵਨਜੀਤ ਕੌਰ, ਬਲਜੀਤ ਰਾਣੀ, ਸ਼ਵਿੰਦਰ ਕੌਰ ਆਦਿ ਨੇ ਡਾ. ਸੈਫੀ ਦਾ ਉਚੇਚਾ ਧੰਨਵਾਦ ਕੀਤਾ। ਸਮੁੱਚੇ ਪ੍ਰੋਗਰਾਮ ਦੀ ਸੰਪੰਨਤਾ ਉਪਰੰਤ ਪ੍ਰਿੰਸੀਪਲ ਦਫਤਰ ਵਿੱਚ ਮਹਿਮਾਨ ਭਾਸ਼ਣਕਰਤਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

## ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀਆਂ 'ਤੇ ਵਿਜੀਲੈਂਸ ਨੇ ਮਾਮਲਾ ਦਰਜ; ਦਿੱਗਜ ਨੇਤਾ ਦੀ ਨੂੰਹ 'ਤੇ ਮਾਮਲਾ ਦਰਜ; ਸਾਬਕਾ ਵਿਧਾਇਕ ਮੋਹੀ ਗ੍ਰਿਫ਼ਤਾਰ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ 20 ਦਸੰਬਰ : ਪੰਜਾਬ ਵਿਜੀਲੈਂਸ ਬਿਊਰੋ (ਵੀਬੀ) ਨੇ ਸਾਲ 2008-2009 ਦੌਰਾਨ 312 ਮੈਡੀਕਲ ਅਫਸਰਾਂ (ਐਮਓ) ਦੀ ਭਰਤੀ ਵਿੱਚ ਬੇਨਿਯਮੀਆਂ ਕਰਨ ਲਈ ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀਪੀਐਸਸੀ) ਦੇ ਸਾਬਕਾ ਚੇਅਰਮੈਨ ਅਤੇ ਇਸ ਦੇ ਚਾਰ ਸਾਬਕਾ ਮੈਂਬਰਾਂ ਵਿਰੁੱਧ ਕੇਸ ਦਰਜ ਕੀਤਾ ਹੈ। ਇਸ ਮਾਮਲੇ ਵਿੱਚ ਸ਼ਤਰਾਣਾ ਤੋਂ ਸਾਬਕਾ ਵਿਧਾਇਕ ਡਾ: ਸਤਵੰਤ ਸਿੰਘ ਮੋਹੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਬਾਕੀ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਇਹ ਪ੍ਰਗਟਾਵਾ ਕਰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਹ ਮਾਮਲਾ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਦੀ ਜਾਂਚ ਰਿਪੋਰਟ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ। ਇਸ ਕੇਸ ਵਿੱਚ ਨਾਮਜ਼ਦ ਕੀਤੇ ਗਏ ਮੁਲਜ਼ਮਾਂ ਵਿੱਚ ਐਸ ਕੇ ਸਿਨਹਾ ਚੇਅਰਮੈਨ (ਮ੍ਰਿਤਕ), ਬ੍ਰਿਗੇਡੀਅਰ (ਸੇਵਾਮੁਕਤ) ਡੀਐਸ ਗਰੇਵਾਲ (ਮ੍ਰਿਤਕ), ਡਾ: ਸਤਵੰਤ ਸਿੰਘ ਮੋਹੀ, ਡੀਐਸ ਮਾਹਲ, ਲਾਲ ਸਿੰਘ ਦੀ ਨੂੰਹ ਰਵਿੰਦਰ ਕੌਰ ਸਾਬਕਾ ਮੰਤਰੀ ਅਤੇ ਭਾਜਪਾ ਦੇ ਬੁਲਾਰੇ ਅਨਿਲ ਸਰੀਨ ਸ਼ਾਮਲ ਹਨ।,

ਵੇਰਵਿਆਂ ਦਾ ਖੁਲਾਸਾ ਕਰਦਿਆਂ ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 22-11-2013 ਨੂੰ ਪੀ.ਪੀ.ਐਸ.ਸੀ. ਦੁਆਰਾ ਕੁੱਲ 312 ਐਮ.ਓਜ਼ ਦੀ ਭਰਤੀ ਦੌਰਾਨ ਹੋਈਆਂ ਬੇਨਿਯਮੀਆਂ ਨੂੰ ਚੁਣੌਤੀ ਦੇਣ ਵਾਲੀਆਂ ਰਿੱਟ ਪਟੀਸ਼ਨਾਂ ਦਾ ਨਿਪਟਾਰਾ ਕਰਦੇ ਹੋਏ ਸਮੁੱਚੇ ਮਾਮਲੇ ਦੀ ਜਾਂਚ ਲਈ ਇੱਕ ਐਸ.ਆਈ.ਟੀ ਗਠਿਤ ਕਰਨ ਦੇ ਹੁਕਮ ਦਿੱਤੇ ਹਨ।

## ਵੈਨਕੂਵਰ ਵਿਚਾਰ ਮੰਚ ਦੇ ਲੇਖਕਾਂ ਨੇ ਨਾਮਵਰ ਗ਼ਜ਼ਲਗੋ ਜਸਵਿੰਦਰ ਦਾ ਜਨਮ ਦਿਨ ਮਨਾਇਆ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 20 ਦਸੰਬਰ : ਬੀਤੇ ਦਿਨ ਵੈਨਕੂਵਰ ਵਿਚਾਰ ਮੰਚ ਵੱਲੋਂ ਪੰਜਾਬੀ ਦੇ ਨਾਮਵਰ ਗ਼ਜ਼ਲਗੋ ਜਸਵਿੰਦਰ ਦਾ ਜਨਮ ਦਿਨ ਜਰਨੈਲ ਆਰਟ ਗੈਲਰੀ ਸਰੀ ਵਿਖੇ ਮਨਾਇਆ ਗਿਆ। ਇਸ ਮੌਕੇ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਪ੍ਰਸਿੱਧ ਸ਼ਾਇਰ ਮੋਹਨ ਗਿੱਲ, ਨਾਮਵਰ ਚਿੱਤਰਕਾਰ ਜਰਨੈਲ ਸਿੰਘ ਆਰਟਿਸਟ, ਅੰਗਰੇਜ਼ ਬਰਾੜ, ਨਵਦੀਪ ਗਿੱਲ, ਚਰਨਜੀਤ ਸਿੰਘ ਸਲ੍ਹੀਣਾ ਅਤੇ ਹਰਦਮ ਸਿੰਘ ਮਾਨ ਨੇ ਜਸਵਿੰਦਰ ਨੂੰ ਜਨਮ ਦਿਨ ਦੀਆਂ ਮੁਬਾਰਕਬਾਦ ਦਿੰਦਿਆਂ ਉਨਾਂ ਦੀ ਲੰਮੀ ਅਤੇ ਸਿਹਤਯਾਬ ਉਮਰ ਦੀ ਕਾਮਨਾ ਕੀਤੀ।

ਜਰਨੈਲ ਸਿੰਘ ਸੇਖਾ ਨੇ ਆਪਣੇ ਮਾਬਰਕੀ ਸ਼ਬਦਾਂ ਵਿਚ ਕਿਹਾ ਕਿ ਜਸਵਿੰਦਰ ਨੇ ਗ਼ਜ਼ਲ ਖੇਤਰ ਵਿਚ ਆਪਣੀ ਮਾਣਯੋਗ ਪਹਿਚਾਣ ਬਣਾਈ ਹੈ। ਉਸ ਨੇ ਪੰਜਾਬ ਅਤੇ ਪੰਜਾਬੀ ਧਰਾਤਲ ਨਾਲ ਜੁੜੇ ਬਹੁਤ ਹੀ ਗਹਿਰੇ ਖ਼ਿਆਲ ਅਤੇ ਨਵੇਂ ਬਿੰਬ ਲੋਕ ਬੋਲੀ ਵਿਚ ਪੇਸ਼ ਕਰਕੇ ਪੰਜਾਬੀ ਗ਼ਜ਼ਲ ਨੂੰ ਅਮੀਰੀ ਪ੍ਰਦਾਨ ਕੀਤੀ ਹੈ। ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਇਕ ਬਹੁਤ ਉੱਚਕੋਟੀ ਦੇ ਸ਼ਾਇਰ ਅਤੇ ਬੜੇ ਬੀਬੇ ਇਨਸਾਨ ਦੀ ਦੋਸਤੀ ਸਾਡੇ ਲਈ ਵੱਡੇ ਮਾਣ ਵਾਲੀ ਗੱਲ ਹੈ। ਹਰਦਮ ਸਿੰਘ ਮਾਨ ਨੇ ਕਿਹਾ ਕਿ ਜਸਵਿੰਦਰ ਨੂੰ ਬੇਸ਼ੱਕ ਸਾਹਿਤ ਅਕਾਦਮੀ ਅਵਾਰਡ ਅਤੇ ਸ਼ਰੋਮਣੀ ਪੰਜਾਬੀ ਕਵੀ ਹੋਣ ਦੇ ਵੱਡੇ ਸਨਮਾਨ ਮਿਲੇ ਹਨ ਪਰ ਉਸ ਦੀ ਸ਼ਖ਼ਸੀਅਤ ਹਰ ਪਲ ਹਲੀਮੀ ਨਾਲ ਭਰਪੂਰ ਰਹਿੰਦੀ ਹੈ। ਅੰਗਰੇਜ਼ ਬਰਾੜ ਨੇ ਕਿਹਾ ਕਿ ਜਸਵਿੰਦਰ ਦੀ ਗ਼ਜ਼ਲ ਵਿਚ ਸ਼ਾਬਦਿਕ ਜਾਲ ਨਹੀਂ ਸਗੋਂ ਆਪਣਾ ਆਲਾ ਦੁਆਲਾ ਸਮਝਣ ਅਤੇ ਸਮਾਜ ਵਿਚ ਵਿਚਰਣ ਦੀ ਸੋਝੀ ਖੂਬਸੂਰਤ ਚਿਤਰਣ ਹੈ।

ਜਰਨੈਲ ਸਿੰਘ ਆਰਟਿਸਟ ਨੇ ਕਿਹਾ ਕਿ ਆਪਣੀ ਰਚਨਾ ਰਾਹੀਂ ਇਸ ਸਮਾਜ ਨੂੰ ਖੂਬਸੂਰਤ ਬਣਾਉਣ ਲਈ ਉਤਸ਼ਾਹਿਤ ਕਰਨ ਵਾਲਾ ਲੇਖਕ, ਕਲਕਾਕਾਰ ਹੀ ਲੋਕਾਂ ਵਿਚ ਪਿਆਰਿਆ ਸਤਿਕਾਰਿਆ ਜਾਂਦਾ ਹੈ ਅਤੇ ਸਾਨੂੰ ਬੇਹੱਦ ਖੁਸ਼ੀ ਹੈ ਕਿ ਜਸਵਿੰਦਰ ਨੂੰ ਅਜਿਹਾ ਹੋਣ ਦਾ ਫ਼ਖ਼ਰ ਹਾਸਲ ਹੈ। ਨਵਦੀਪ ਗਿੱਲ ਅਤੇ ਚਰਨਜੀਤ ਸਿੰਘ ਸਲ੍ਹੀਣਾ ਨੇ ਆਪਣੇ ਸੁਰੀਲੇ ਸੁਰਾਂ ਨਾਲ ਦੋ ਗੀਤ ਪੇਸ਼ ਕਰਕੇ ਜਨਮ ਦਿਨ ਦੇ ਜ਼ਸ਼ਨ ਨੂੰ ਦਿਲਕਸ਼ ਬਣਾਇਆ। ਅੰਤ ਵਿਚ ਜਸਵਿੰਦਰ ਨੇ ਕਿਹਾ ਕਿ ਵੈਨਕੂਵਰ ਵਿਚਾਰ ਮੰਚ ਦੇ ਦੋਸਤਾਂ ਵੱਲੋਂ ਮੇਰੇ ਮਾਣ ਵਿਚ ਅਜਿਹਾ ਹੈਰਾਨੀਜਨਕ ਪ੍ਰੋਗਰਾਮ ਰਚਾਉਣ ਲਈ ਮੈਂ ਸਭ ਦਾ ਬੇਹੱਦ ਮਸ਼ਕੂਰ ਹਾਂ। ਇਕ ਸ਼ਾਇਰ ਦੇ ਨਾਤੇ ਸੁਚੇਤ ਤੌਰ 'ਤੇ ਸਾਹਿਤ ਦੀ ਰਚਨਾ ਕਰਨ ਦਾ ਮੈਂ ਆਪਣਾ ਫ਼ਰਜ਼ ਨਿਭਾਅ ਰਿਹਾ ਹਾਂ। ਮੈਂ ਸਮਝਦਾ ਹਾਂ ਕਿ ਮੇਰੀ ਸ਼ਾਇਰੀ ਜੇਕਰ ਕਿਸੇ ਨਿਰਾਸੇ ਨੂੰ ਕੋਈ ਆਸ ਦੀ ਕਿਰਨ ਦਿਖਾਉਣ ਦੇ ਕਾਬਲ ਹੋ ਜਾਂਦੀ ਹੈ ਤਾਂ ਮੇਰੇ ਲਈ ਏਹੀ ਸਭ ਤੋਂ ਵੱਡੀ ਪ੍ਰਾਪਤੀ ਅਤੇ ਸਨਮਾਨ ਹੈ।

## ਜਰਨੈਲ ਆਰਟ ਅਕੈਡਮੀ ਦੇ ਬੱਚਿਆਂ ਦੀ ਚਿਤਰਕਲਾ ਪ੍ਰਦਰਸ਼ਨੀ ਨੇ ਦਰਸ਼ਕ ਮੋਹੇ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 20 ਦਸੰਬਰ : ਬੀਤੇ ਦਿਨੀਂ ਜਰਨੈਲ ਆਰਟਸ ਅਕੈਡਮੀ ਵਿਚ ਸਿੱਖਿਅਤ ਬੱਚਿਆਂ ਦੀ ਦੋ ਦਿਨਾਂ ਚਿਤਰਕਲਾ ਪ੍ਰਦਰਸ਼ਨੀ ਲਾਈ ਗਈ।ਇਹ ਚਿਤਰਕਲਾ ਪ੍ਰਦਰਸ਼ਨੀ ਸਿੱਖ ਇਤਿਹਾਸ ਦੇ ਨਾਮਵਰ ਚਿਤਰਕਾਰ ਸਵ. ਕ੍ਰਿਪਾਲ ਸਿੰਘ ਨੂੰ ਸਮਰਪਿਤ ਰਹੀ। ਵਰਨਣਯੋਗ ਹੈ ਕਿ ਸਿੱਖ ਇਤਿਹਾਸ ਤੇ ਪੰਜਾਬੀ ਸਭਿਆਚਾਰ ਦੇ ਨਾਮਵਰ ਚਿਤਰਕਾਰ ਜਰਨੈਲ ਸਿੰਘ ਤੇ ਉਹਨਾਂ ਦੀ ਪਤਨੀ ਬਲਜੀਤ ਕੌਰ ਬੱਚਿਆਂ ਨੂੰ ਲਗਾਤਾਰ ਆਰਟ ਸਿਖਲਾਈ ਦੇ ਰਹੇ ਹਨ। ਇਹ ਪ੍ਰਦਰਸ਼ਨੀ ਉਹਨਾਂ ਦੇ ਵਿਦਿਆਰਥੀਆਂ ਦੀ ਕਲਾ ਦੀ ਪਹਿਲੀ ਪ੍ਰਦਰਸ਼ਨੀ ਸੀ ਜੋ ਉਹਨਾਂ ਦੀ ਆਰਟ ਗੈਲਰੀ ਵਿਚ ਲਾਈ ਗਈ।




ਇਸ ਪ੍ਰਦਰਸ਼ਨੀ ਦੇ ਉਦਘਾਟਨੀ ਮੌਕੇ 'ਤੇ ਸ਼ਾਇਰ ਮੋਹਨ ਗਿੱਲ ਨੇ ਦੱਸਿਆ ਕਿ 2004 ਤੋਂ ਸ਼ੁਰੂ ਹੋਈ ਇਸ ਅਕੈਡਮੀ ਵਿਚ ਜਰਨੈਲ ਸਿੰਘ ਨੇ ਜਿਸ ਤਰਾਂ ਅਪਣੇ ਪਿਤਾ ਤੇ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬਾਨੀ ਚਿਤਰਕਾਰ ਸ. ਕਿਰਪਾਲ ਸਿੰਘ ਤੋਂ ਕਲਾ ਦੀ ਜੋਤ ਲੈ ਕੇ ਅੱਗੇ ਜਗਾਈ ਹੈ ਉਸੇ ਤਰਾਂ ਉਹ ਹੁਣ ਕੈਨੇਡਾ ਦੀ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਕਲਾ ਦੀ ਜਾਗ ਲਾ ਰਹੇ ਹਨ। ਉੱਘੇ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਜਦੋਂ ਵੀ ਗੈਲਰੀ ਵਿਚ ਆਉਂਦੇ ਹਾਂ ਇੱਥੇ ਆ ਕੇ ਸਕੂਨ ਮਹਿਸੂਸ ਹੁੰਦਾ ਹੈ। ਬਹੁਤੇ ਕਲਾਕਾਰ ਅਪਣੇ ਤੱਕ ਹੀ ਸੀਮਤ ਰਹਿੰਦੇ ਹਨ ਪਰ ਜਰਨੈਲ ਸਿੰਘ ਤੇ ਬਲਜੀਤ ਕੌਰ ਅਤੇ ਉਹਨਾਂ ਦੀ ਬੇਟੀ ਨੀਤੀ ਸਿੰਘ ਨੇ ਅਪਣੀ ਕਲਾ ਦਾ ਪ੍ਰਸਾਰ ਅੱਗੇ ਕੀਤਾ ਹੈ ਜੋ ਇਕ ਵਧੀਆ ਉਦਮ ਹੈ। ਬਲਬੀਰ ਸਿੰਘ ਸੰਘਾ ਨੇ ਸਿੱਖ ਇਤਿਹਾਸਕ ਵਿਰਸੇ ਦੀ ਯਾਦ ਕਰਾਉਂਦੀਆਂ ਕਿਰਤਾਂ ਦੀ ਸ਼ਲਾਘਾ ਕੀਤੀ ਤੇ ਨਵੀਂ ਪੀੜ੍ਹੀ ਨੂੰ ਇਸ ਨਾਲ ਜੋੜਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

ਪ੍ਰਦਰਸ਼ਨੀ ਵਿਚ 24 ਕਲਾਕਾਰਾਂ ਨੇ ਭਾਗ ਲਿਆ ਜਿਹਨਾਂ ਵਿਚ ਬਹੁਤ ਛੋਟੇ ਬੱਚਿਆਂ ਤੋਂ ਲੈ ਕੇ ਬਾਲਗ ਉਮਰ ਤੱਕ ਦੇ ਕਲਾਕਾਰ ਸ਼ਾਮਲ ਸਨ। 35 ਕਿਰਤਾਂ ਦੀ ਇਸ ਪ੍ਰਦਰਸ਼ਨੀ ਵਿਚ ਬਹੁਭਾਂਤੀ ਵਿਸ਼ਾ ਵਸਤੂ ਪੇਸ਼ ਕੀਤੇ ਗਏ। ਕਾਰਜ ਕੁਸ਼ਲਤਾ ਅਤੇ ਪ੍ਰਬੀਨਤਾ ਨਾਲ ਚਿਤਰੇ ਫੁੱਲ ਬੂਟੇ, ਗੁਲਦਸਤੇ, ਧਰਤ ਦ੍ਰਿਸ਼, ਪੋਰਟਰੇਟ ਤੇ ਜੰਗਲੀ ਜੀਵ ਦੇ ਚਿਤਰਾਂ ਨੇ ਸਭ ਦਰਸ਼ਕਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ। ਗੀਤਾ ਮਿਸ਼ਰਾ, ਸ਼ੁਭਪ੍ਰੀਤ ਕੌਰ ਖੋਸਾ, ਸਵਤੰਤਰ ਸਿੰਘ ਖੋਸਾ, ਗੌਰੀ ਸ਼ਰਮਾ, ਅਵਨੀਤ ਤੂਰ ਦਾ ਕੰਮ ਵਿਸ਼ੇਸ਼ ਜ਼ਿਕਰਯੋਗ ਹੈ। ਅਨਮੋਲ ਰਾਇ, ਅਨੂਪ ਰਾਇ, ਅਰਪਨ ਸਿਧੂ, ਬੰਧਨਾ ਬਦੇਸ਼ਾ, ਜਸਨੂਰ ਸੰਘਾ, ਜੀਵਨਜੋਤ ਮਿਨਹਾਸ, ਕਿਰਨਜੋਤ ਦਿਓਗਨ, ਮੰਨਤ ਗਿਲ, ਪਰਨੂਰ ਸੁੰਨਰ, ਸੁਖਮਨੀ ਸਿੱਧੂ, ਤਰਨਦੀਪ ਗਿੱਲ ਦੀਆਂ ਕਲਾ ਕਿਰਤਾਂ ਵੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੀਆਂ।

ਇਸ ਮੌਕੇ ਕਲਾਕਾਰਾਂ ਅਤੇ ਦਰਸ਼ਕਾਂ ਨੂੰ ਸੰਬੋਧਿਤ ਕਰਦਿਆਂ ਚਿਤਰਕਾਰ ਜਰਨੈਲ ਸਿੰਘ ਨੇ ਦੱਸਿਆ ਕਿ ਚਿਤਰਕਲਾ, ਸੰਗੀਤ, ਸਾਹਿਤ, ਇਹ ਸਾਰੀਆਂ ਕਲਾਵਾਂ ਮਨੁੱਖ ਦੇ ਜੀਵਨ ਨੂੰ ਮਾਨਣਯੋਗ ਬਣਾਉਂਦੀਆਂ ਹਨ ਅਤੇ ਅਰਥ ਪ੍ਰਦਾਨ ਕਰਨ ਦੇ ਨਾਲ ਨਾਲ ਜੀਵਨ ਵਿਚ ਅਤਿ ਲੋੜੀਦੀਆਂ ਭਾਵਨਾਵਾਂ ਜਿਵੇਂ ਸਹਿਣ ਸ਼ਕਤੀ, ਨਿਸਚੇ ਵੱਲ ਫੋਕਸ ਤੇ ਜੀਵਨ ਵਿਚ ਡਸਿਪਲਨ ਸਿਖਾਉਂਦੀਆਂ ਹਨ। ਅਖੀਰ ਵਿਚ ਸਾਰੇ ਬਾਲ ਕਲਾਕਾਰਾਂ ਨੂੰ ਸਨਮਾਨ ਪੱਤਰ ਦੇ ਕੇ ਉਨ੍ਹਾਂ ਦੀ ਹੌਂਸਲਾ

## ਰਾਜ ਪੱਧਰੀ ਯੁਵਕ ਸਿਖਲਾਈ ਵਰਕਸ਼ਾਪ 'ਚ ਹਰਿੰਦਰ ਸੰਧੂ ਅਤੇ ਜਸਬੀਰ ਜੱਸੀ ਸਨਮਾਨਿਤ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 20 ਦਸੰਬਰ : ਖੇਡ ਅਤੇ ਯੁਵਕ ਸੇਵਾਵਾਂ ਮੰਤਰੀ ਪੰਜਾਬ ਗੁਰਮੀਤ ਸਿੰਘ ਮੀਤ ਹੇਅਰ, ਯੁਵਕ ਸੇਵਾਵਾਂ ਵਿਭਾਗ ਪੰਜਾਬ ਦੇ ਡਾਇਰੈਕਟਰ ਹਰਪ੍ਰੀਤ ਸਿੰਘ ਸੂਦਨ ਦੀ ਯੋਗ ਸਰਪ੍ਰਸਤੀ ਅਤੇ ਸਹਾਇਕ ਡਾਇਰੈਕਟਰ ਕੁਲਵਿੰਦਰ ਸਿੰਘ, ਸਹਾਇਕ ਡਾਇਰੈਕਟਰ ਰੁਪਿੰਦਰ ਕੌਰ ਦੀ ਯੋਗ ਅਗਵਾਈ ਹੇਠ ਪੰਜਾਬ ਯੂਨੀਵਰਸਿਟੀ ਚੰਡੀਗੜ ਵਿਖੇ ਚੱਲ ਰਹੀ ਰਾਜ ਪੱਧਰੀ ਯੁਵਕ ਸਿਖਲਾਈ ਵਰਕਸ਼ਾਪ ਦੌਰਾਨ ਪੰਜਾਬ ਦੇ ਨਾਮਵਰ ਲੋਕ ਗਾਇਕ ਹਰਿੰਦਰ ਸੰਧੂ ਅਤੇ ਸਰਕਾਰੀ ਮਿਡਲ ਸਕੂਲ ਪੱਕਾ ਦੇ ਮੁਖੀ/ਮੰਚ ਸੰਚਾਲਕ ਜਸਬੀਰ ਸਿੰਘ ਜੱਸੀ ਬਤੌਰ ਰਿਸੋਰਸ ਪਰਸਨ ਸ਼ਾਮਲ ਹੋਏ। ਇਸ ਮੌਕੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਪੰਜਾਬ ਕੁਲਵਿੰਦਰ ਸਿੰਘ ਨੇ ਦੋਹਾਂ ਰਿਸੋਰਸ ਪਰਸਨਜ਼ ਨੂੰ ਜੀ ਆਇਆਂ ਨੂੰ ਆਖਦਿਆਂ ਦੱਸਿਆ ਕਿ ਇਸ ਵਰਕਸ਼ਾਪ 'ਚ ਪੰਜਾਬ ਦੇ 23 ਜਿਲਿਆਂ ਤੋਂ 5-5 ਨੌਜਵਾਨ ਲੜਕੇ ਭਾਗ ਲੈ ਰਹੇ ਹਨ। ਇਸ ਵਰਕਸ਼ਾਪ ਦਾ ਉਦੇਸ਼ ਵਿਦਿਆਰਥੀਆਂ ਦੀ ਸਖ਼ਸ਼ੀਅਤ 'ਚ ਨਿਖਾਰ ਲਿਆਉਣਾ, ਉਨ੍ਹਾਂ ਨੂੰ ਸਮਾਜਿਕ ਕੁਰੀਤੀਆਂ ਖਿਲਾਫ਼ ਡੱਟਣ ਵਾਸਤੇ ਪ੍ਰੇਰਿਤ ਕਰਨਾ, ਸਮਾਜ ਨੂੰ ਉਸਾਰੂ ਸੇਧ ਦੇਣ ਲਈ ਤਿਆਰ ਕਰਦਿਆਂ ਵਿਦਿਆਰਥੀਆਂ ਤਿ ਸਰਵਪੱਖੀ ਵਿਕਾਸ ਕਰਨਾ ਹੈ। ਇਸ ਮੌਕੇ ਸਰਕਾਰੀ ਮਿਡਲ ਸਕੂਲ ਪੱਕਾ ਦੇ ਮੁਖੀ ਜਸਬੀਰ ਸਿੰਘ ਜੱਸੀ ਨੇ ਵਿਦਿਆਰਥੀਆਂ ਨੂੰ ਆਪਣੇ ਜੀਵਨ 'ਚ ਮਨਪਸੰਦ ਕਿੱਤਾ ਚੁਨਣ ਵਾਸਤੇ ਟੀਚਾ ਨਿਰਧਾਰਿਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਜੇਕਰ ਕੋਈ ਵੀ ਇਨਸਾਨ ਆਪਣੇ ਮਨਪਸੰਦ ਕਿੱਤੇ ਨੂੰ ਚੁਣਦਾ ਹੈ ਤਾਂ ਉਹ ਆਪਣੇ ਜੀਵਨ ਦੇ ਬਹੁਤੇ ਹਿੱਸੇ 'ਚ ਜਿੱਥੇ ਆਪਣੇ ਕਿੱਤੇ ਨਾਲ ਇਨਸਾਫ਼ ਕਰਦਾ ਹੈ, ਉੱਥੇ ਉਸ ਦੇ ਸੰਪਰਕ 'ਚ ਆਉਣ ਵਾਲੇ ਲੋਕਾਂ ਦੀ ਸੁਤੰਸ਼ਟੀ ਹੁੰਦੀ ਹੈ। ਇਸ ਦੇ ਨਾਲ-ਨਾਲ ਉਸ ਇਨਸਾਨ ਦੀ ਆਰਥਿਕਤਾ ਵੀ ਵਧੀਆ ਰਹਿੰਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਜੀਵਨ 'ਚ ਪੜ੍ਹਾਈ ਦੇ ਨਾਲ-ਨਾਲ ਬਹੁਤ ਸਾਰੀਆਂ ਸਕਿੱਲ ਨੂੰ ਆਪਣੇ ਨਿੱਤ ਪ੍ਰਤੀ ਜੀਵਨ ਦਾ ਹਿੱਸਾ ਬਣਾਉਣ ਵਾਸਤੇ ਵੀ ਉਤਸ਼ਾਹਿਤ ਕੀਤਾ। ਇਸ ਮੌਕੇ ਪੰਜਾਬ ਦੇ ਲੋਕ ਗਾਇਕ ਹਰਿੰਦਰ ਸੰਧੂ ਨੇ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਧਾਰਮਿਕ ਗੀਤ 'ਚਰਚਾ ਘਰ-ਘਰ ਵਿਚ ਸਰਹਿੰਦ ਦੇ ਸਾਕੇ ਦੀ' ਸ਼ੁਰੂਆਤ ਕੀਤੀ। ਉਨ੍ਹਾਂ ਨੌਜਵਾਨਾਂ ਨੂੰ ਆਪਣੇ ਸ਼ੁਰੂਆਤੀ ਦੌਰ, ਸੰਘਰਸ਼, ਜੀਵਨ 'ਚ ਸਥਾਪਤੀ ਵਾਸਤੇ ਕੀਤੀ ਕਰੜੀ ਮਿਹਨਤ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਫ਼-ਸੁਥਰੇ ਗੀਤ ਉਸ ਦੀ ਪਹਿਲੀ ਪਸੰਦ ਰਹੇ ਹਨ। ਇਹੀ ਕਾਰਨ ਹੈ ਬਹੁਤ ਲੰਬੇ ਸਮੇਂ ਤੋਂ ਉਹ ਗਾਇਕੀ 'ਚ ਇੱਕ ਵਿਸ਼ੇਸ਼ ਸਥਾਨ ਤੇ ਟਿਕੇ ਹੋਏ ਹਨ। ਇਸ ਮੌਕੇ ਹਰਿੰਦਰ ਸੰਧੂ ਨੇ ਚੰਗਾ ਸਮਾਂ, ਜੇ ਪੁੱਤਰ ਮਿਠੜੇ ਮੇਵੇ-ਧੀਆਂ ਮਿਸ਼ਰੀ ਡਲੀਆਂ, ਲਿਫ਼ਾਫ਼ੇ, ਆਪਣੇ ਮਾਂ-ਪਿਓ ਦੀ ਸੇਵਾ ਗੀਤ ਪੇਸ਼ ਕਰਕੇ ਚੰਗਾ ਸੁਣਨ ਵਾਸਤੇ ਨੌਜਵਾਨਾਂ ਨੂੰ ਉਤਸ਼ਾਹਿਤ ਕੀਤਾ। ਇਸ ਮੌਕੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਪੰਜਾਬ ਕੁਲਵਿੰਦਰ ਸਿੰਘ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਪੰਜਾਬ ਰੁਪਿੰਦਰ ਕੌਰ ਅਤੇ ਕੈਂਪ ਦੀ ਪ੍ਰਬੰਧਕੀ ਟੀਮ ਨੇ ਲੋਕ ਗਾਇਕ ਹਰਿੰਦਰ ਸੰਧੂ ਅਤੇ ਜਸਬੀਰ ਸਿੰਘ ਜੱਸੀ ਨੂੰ ਸਨਮਾਨਿਤ ਕੀਤਾ।

# ਦਰਵੇਸ਼ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਚੇਤੇ ਕਰੀਏ ਅੱਜ ਬਰਸੀ ਮੌਕੇ

## ਜਿਸ ਨੇ ਗਵਰਨਰ ਪੰਜਾਬ ਸੁਰਿੰਦਰ ਨਾਥ ਨੂੰ ਕਿਹਾ ਸੀ, ਮੈਨੂੰ ਆਪਣੇ ਲਈ ਕੱਖ ਨਹੀਂ ਚਾਹੀਦਾ, ਮੇਰੇ ਪੰਜਾਬ ਦਾ ਅਮਨ ਚੈਨ ਮੋੜ ਦਿਉ।






ਅੱਜ ਦੀ ਰਾਤ ਉਸਤਾਦ ਲਾਲ ਚੰਚ ਯਮਲਾ ਜੱਟ 1991 ਚ ਸਾਥੋਂ ਵਿਦਾ ਹੋਇਆ ਸੀ। 19 ਦਸੰਬਰ ਨੂੰ ਸ਼ਾਮੀਂ ਤਾਂ ਸਃ ਜਗਦੇਵ ਸਿੰਘ ਜੱਸੋਵਾਲ ਨਾਲ ਮੋਹਨ ਦੇਈ ਓਸਵਾਲ ਹਸਪਤਾਲ ਚ ਤਾਂ ਉਸਤਾਦ ਜੀ ਨੂੰ ਮਿਲ ਕੇ ਪਰਤੇ ਸਾਂ ਸਵੇਰੇ ਲੱਤ ਦੀ ਸਰਜਰੀ ਹੋਣੀ ਸੀ। ਸ਼ੂਗਰ ਵਧਣ ਕਾਰਨ ਪੈਰ ਤੇ ਗੈਂਗਰੀਨ ਵਿਗੜ ਗਈ ਸੀ।

ਹਸਪਤਾਲ ਚ ਵੜਨ ਸਾਰ ਉਸਤਾਦ ਜੀ ਦਾ ਵੱਡਾ ਪੁੱਤਰ ਕਰਤਾਰ ਚੰਦ ਬਾਹਰ ਨਿਕਲਦਾ ਸਾਨੂੰ ਮਿਲਿਆ ਤਾਂ ਫਿੱਸ ਪਿਆ। ਬੋਲਿਆ ਕਿ ਪੈਸੇ ਮੁੱਕ ਗਏ ਨੇ, ਦਵਾਈਆਂ ਦਾ ਬਕਾਇਆ ਵਧ ਗਿਐ। ਸਟੋਰ ਵਾਲੇ ਦਵਾਈਆਂ ਨਹੀਂ ਦੇ ਰਹੇ।

ਓਸੇ ਪਲ ਗੁਰਮੇਲ ਮੈਡੀਕਲ ਹਾਲ ਦੇ ਮਾਲਕ ਭਾਊ ਭਗਵਾਨ ਸਿੰਘ ਸਾਨੂੰ ਦਿਸ ਗਏ। ਜੱਸੋਵਾਲ ਸਾਹਿਬ ਨੇ ਬੇਨਤੀ ਕੀਤੀ ਕਿ ਦਵਾਈਆਂ ਦੇਈ ਜਾਉ, ਪੈਸੇ ਅਸੀਂ ਭੇਜ ਦਿਆਂਗੇ। ਉਸਤਾਦ ਯਮਲਾ ਜੱਟ ਇਲਾਜ ਖੁਣੋਂ ਨਹੀਂ ਜਾਣ ਦੇਣਾ। ਭਗਵਾਨ ਸਿੰਘ ਬੋਲੇ, ਜਥੇਦਾਰ ਜੀ, ਚਿੰਤਾ ਨਾ ਕਰੋ, ਬਕਾਏ ਵੀ ਨਹੀਂ ਲੈਂਦੇ ਤੇ ਦਵਾਈਆਂ ਵੀ ਅਸੀਂ ਦਿਆਂਗੇ। ਇਨ੍ਹਾਂ ਦੇ ਗੀਤਾਂ ਨੇ ਤਾਂ ਸਾਨੂੰ ਪਾਲਿਆ ਹੈ।

ਅੱਜ ਦੇ ਦਿਨ ਹੀ ਉਨ੍ਹਾਂ ਦਾ ਅੰਤਿਮ ਸੰਸਕਾਰ ਸੀ ਬੱਸ ਅੱਡੇ ਦੇ ਪਿਛਵਾੜੇ ਵਾਲੇ ਸਿਵਿਆਂ ਵਿੱਚ। ਬਹੁਤ ਮੀਂਹ ਵਰ੍ਹਿਆ ਸੀ ਉਸ ਦਿਨ। ਸਭ ਭਿੱਜ ਗਏ ਸਨ ਬੁਰੀ ਤਰ੍ਹਾਂ।

ਇੱਕ ਨਿੱਕੇ ਜਹੇ ਬਾਲਕੇ ਨੇ ਸਿਵਿਆਂ ਚ ਅੱਪੜ ਕੇ ਬੁੱਕਲ ਵਾਲੀ ਲੋਈ ਲਾਹੀ ਤੇ ਉਸਤਾਦ ਜੀ ਤੇ ਪਾ ਦਿੱਤੀ। ਉਹ ਬਾਲਕਾ ਅੱਜ ਦਾ ਲਿਖਾਰੀ ਨਿੰਦਰ ਘੁਗਿਆਣਵੀ ਸੀ ਜੋ ਕਦੇ 1987 ਚ ਸੰਗੀਤ ਸਿੱਖਣ ਆਇਆ ਸੀ ਉਸਤਾਦ ਜੀ ਕੋਲ। ਆਖ਼ਰੀ ਸ਼ਾਗਿਰਦ ਸੀ ਉਹ।

ਅੱਜ ਬਹੁਤ ਕਿਝ ਚੇਤੇ ਆ ਰਿਹੈ। ਉਹ ਕਦੇ ਫਿਰ ਸਹੀ।

ਵਿਕੀਪੀਡੀਆ ਚ ਉਨ੍ਹਾਂ ਬਾਰੇ ਅੰਕਿਤ ਜਾਣਕਾਰੀ ਵਾਲੀ ਟੈਕਸਟ ਵਰਤ ਕੇ ਤੁਹਾਨੂੰ ਉਸਤਾਦ ਯਮਲਾ ਜੱਟ ਨਾਲ ਮਿਲਾ ਰਿਹਾਂ।

ਲਾਲ ਚੰਦ ਯਮਲਾ ਜੱਟ ਤੂੰਬੀ ਦੇ ਬਾਦਸ਼ਾਹ ਵਜੋਂ ਦੁਨੀਆਂ ਵਿੱਚ ਮਸ਼ਹੂਰ ਹੋ ਗਿਆ । ਇੱਕ ਤਾਰ ਉੱਤੇ ਪੋਟੇ ਲਗਾ ਕੇ ਸੱਤ ਸੁਰਾਂ ਜਗਾਣ ਦਾ ਨਵਾਂ-ਨਿਵੇਲਾ ਤਜਰਬਾ ਹਾਸਿਲ ਕਰਨਾ ਉਸਦੇ ਹੀ ਹਿੱਸੇ ਆਇਆ ਸੀ । ਜਦ ਉਹ ਤੂੰਬੀ ਟੁਣਕਾਉਂਦਾ ਸੀ ਸਰੋਤੇ ਮੰਤਰ-ਮੁਗਧ ਹੋ ਬਹਿੰਦੇ ਸਨ। ਉਸਦੀ ਆਵਾਜ਼ ਵਿੱਚ ਇੱਕ ਕਿਸਮ ਦਾ ਜਾਦੂ ਹੀ ਸੀ, ਜਦ ਉਹ ਸ਼ਬਦਾਂ ਨੂੰ ਸੁਰਾਂ ਪ੍ਰਦਾਨ ਕਰਦਾ ਸੀ ਤਾਂ ਸੰਗੀਤ ਦਾ ਇੱਕ ਅਲੌਕਿਕ ਨਜ਼ਾਰਾ ਬੱਝਾ ਹੋਇਆ ਸਾਹਮਣੇ ਆ ਖਲੋਂਦਾ ਸੀ । ਸਟੇਜ ਦੇ ਉੱਪਰ ਖਲੋਤਾ ਯਮਲਾ ਜੱਟ ਜਦ ਆਪਣੇ ਸਾਹਮਣੇ ਹਜ਼ਾਰਾਂ ਲੋਕਾਂ ਦੇ ਹਜੂਮ ਨੂੰ ਦੇਖਦਾ ਸੀ ਤਾਂ ਉਸਦੀ ਰੂਹ ਨਸ਼ਿਆ ਜਾਂਦੀ, ਜਦ ਉਹ ਗਾਉਂਦਾ-ਗਾਉਂਦਾ ਲੋਕਾਂ ਨਾਲ ਗੱਲਾਂ ਕਰਦਾ ਤਾਂ ਇੱਕ ਪਲ ਇਉਂ ਲੱਗਣ ਲੱਗ ਪੈਂਦਾ, ਜਿਵੇਂ ਕੋਈ ਫ਼ਕੀਰ ਗਮੰਤਰੀ ਵਿਖਿਆਨ ਕਰ ਰਿਹਾ ਹੋਵੇ।

ਲਾਲ ਚੰਦ ਦਾ ਜਨਮ 28 ਮਾਰਚ 1910 ਨੂੰ ਚੱਕ ਨੰਬਰ 384 ਟੋਭਾ ਟੇਕ ਸਿੰਘ, ਜ਼ਿਲ੍ਹਾ ਲਾਇਲਪੁਰ ਵਿੱਚ ਹੋਇਆ। ਉਸਤਾਦ ਜੀ ਦਾ ਜੱਦੀ ਪਿੰਡ ਭਾਗੋਵਾਲ ਸੀ ਸਿਆਲਕੋਟ ਜ਼ਿਲ੍ਹੇ ਵਿੱਚ ਪਰ ਉਨ੍ਹਾਂ ਦਾ ਪਰਿਵਾਰ ਵੀ ਗਰੀਬੀ ਦੂਰ ਕਰਨ ਲਈ ਬਾਰ ਚ ਆ ਵੱਸਿਆ ਸੀ।

ਲਾਲ ਚੰਦ ਯਮਲਾ ਜੱਟ ਦੇ ਜਨਮ ਪਿੱਛੇ ਇੱਕ ਕਹਾਣੀ ਛੁਪੀ ਹੋਈ ਹੈ। ਦੱਸਿਆ ਜਾਂਦਾ ਹੈ ਕਿ ਲਾਲ ਚੰਦ ਦੀ ਮਾਤਾ ਹਰਨਾਮ ਕੌਰ ਆਪਣੇ ਵਿਆਹ-ਮੁਕਲਾਵੇ ਪਿੱਛੋਂ, ਪਿੰਡ ਦੀਆਂ ਔਰਤਾਂ ਨਾਲ ਖੂਹੀ ਤੋਂ ਪਾਣੀ ਦਾ ਘੜਾ ਭਰਨ ਗਈ ਤਾਂ ਉੱਥੇ ਇੱਕ ਪੀਰ ਕਟੋਰੇ ਸ਼ਾਹ ਨਾਂ ਦੇ ਫ਼ਕੀਰ ਦੀ ਸਮਾਧ ਸੀ। ਨਾਲ ਦੀਆਂ ਔਰਤਾਂ ਵਿੱਚੋਂ ਕਿਸੇ ਨੇ ਆਖਿਆ, “ ਨੀ ਨਾਮ੍ਹੋ ਗੱਲ ਸੁਣ ਭੈਣਾਂ ,
ਆਹ ਪੀਰ ਤੇ ਹਰੇਕ ਦੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਦੈ, ਤੂੰ ਵੀ ਸੁੱਖ ਲੈ ਕੋਈ ਸੁੱਖਣਾ।” ਹਰਨਾਮ ਕੌਰ ਨੇ ਪੁੱਤਰ ਦੀ ਦਾਤ ਪ੍ਰਾਪਤੀ ਦੀ ਸੁੱਖ ਸੁੱਖੀ ਸੀ। ਜਦ ਪੁੱਤਰ ਜਨਮਿਆਂ, ਹਰਨਾਮ ਕੌਰ ਹਰੇ ਰੰਗ ਦੀ ਚਾਦਰ ਚਾੜ੍ਹ ਕੇ ਆਈ ਪੀਰ ਕਟੋਰੇ ਸ਼ਾਹ ਦੀ ਸਮਾਧ ਉੱਤੇ।

ਪੀਰ ਕਟੋਰੇ ਸ਼ਾਹ ਦੀ ਸਮਾਧ ਉੱਤੇ ਹਰ ਸਾਲ ਪੰਦਰਾਂ ਹਾੜ ਨੂੰ ਤਿੰਨ ਦਿਨਾਂ ਦਾ ਮੇਲਾ ਭਰਦਾ, ਬੜੀ ਰੌਣਕ ਹੁੰਦੀ, ਦੂਰੋਂ-ਦੁਰੇਡਿਉਂ ਵੀ ਰਾਗੀ, ਢਾਡੀ, ਗੁਮੰਤਰੀ ਤੇ ਗਵੱਈਏ ਆਉਂਦੇ । ਲਾਲ ਚੰਦ ਹਾਲੇ ਸੱਤ-ਅੱਠ ਵਰ੍ਹਿਆਂ ਦਾ ਸੀ, ਉਸਨੂੰ ਗਾਉਣ ਦੀਆਂ ਲੂਹਰੀਆਂ ਉੱਠਣ ਲੱਗ ਪਈਆਂ ।ਮੇਲੇ ਵਿੱਚ ਤੁਰਿਆ ਫਿਰਦਾ ਉਹ ਗੁਮੰਤਰੀਆਂ ਨੂੰ ਸੁਣਦਾ । ਜਦ ਉਹ ਨੌਂ ਸਾਲ ਦਾ ਹੋਇਆ ਤਾਂ ਉਸਨੇ ਪਹਿਲੀ ਵਾਰ ਉਸ ਮੇਲੇ ਵਿੱਚ ਗਾਇਆ । ਸਾਲ 1919 ਵਿੱਚ ਲਾਲ ਚੰਦ ਦਾ ਪਿਤਾ ਖੇੜਾ ਰਾਮ ਚੱਲ ਵਸਿਆ । ਉਹ ਆਪਣੀ ਮਾਤਾ ਤੇ ਭਰਾਵਾਂ ਸਮੇਤ ਆਪਣੇ ਨਾਨਾ ਗੂੜ੍ਹਾ ਰਾਮ ਕੋਲ ਚੱਕ ਚੂਹੜ ਸਿੰਘ 224 ਵਿਖੇ ਆ ਗਿਆ । ਉਹਨਾਂ ਹੀ ਦਿਨਾਂ ਵਿੱਚ ਲਾਲ ਚੰਦ ਨੇ ਲਾਇਲਪੁਰ ਦੀ ਇੱਕ ਪੇਸ਼ਾਵਰ ਗਾਇਕਾ ਖ਼ੁਰਸ਼ੀਦ ਬੇਗ਼ਮ ਦਾ ਗਾਣਾ , ‘ ਅੱਖੀਆਂ ਕਰਮਾਂ ਸੜੀਆਂ, ਜਿਹੜੀਆਂ ਨਾਲ ਸੱਜਣ ਦੇ ਲੜੀਆਂ ’, ਸੁਣ ਲਿਆ ਤੇ ਟੁੰਬਿਆ ਗਿਆ । ਉਹ ਬਾਰ-ਬਾਰ ਉਹਦੇ ਘਰ ਅੱਗੋਂ ਲੰਘਦਾ, ਮਤਾਂ ਖ਼ੁਰਸ਼ੀਦ ਬੇਗਮ ਦੀ ਆਵਾਜ਼ ਮੁੜ ਕੰਨਾਂ ਵਿੱਚ ਪੈ ਜਾਵੇ, ਇੱਕ ਦਿਨ ਲੰਘਦਾ-ਲੰਘਦਾ ਹੀ ਉਹ ਇਸ ਗੀਤ ਦੇ ਬੋਲ ਗੁਣਗੁਣਾਂਦਾ ਜਾਂਦਾ ਸੀ, ਤਾਂ ਬੇਗ਼ਮ ਨੇ ਸੁਣ ਲਿਆ, ਉਹ ਖਿਝ ਗਈ, “ ਸੁਣ ਵੇ ਛੋਕਿਰਆ ਜੇ ਮੇਰੀ ਗਲੀ ਆਨਾ ਈਂ ਤਾਂ ਏਡਾ ਬੇਸੁਰਾ ਗੀਤ ਨਾ ਗਾਣਾ ।” ਲਾਲ ਚੰਦ ਦੇ ਸੀਨੇ ਬੋਲੀ ਵੱਜੀ । ਹੁਣ ਉਹ ਆਪਣੇ ਨਾਨਾ ਗੂੜ੍ਹਾ ਰਾਮ ਪਾਸ ਬੈਠ ਕੇ ਘੰਟਿਆਂ ਬੱਧੀ ਰਿਆਜ਼ ਕਰਦਾ । 1930 ਵਿੱਚ ਲਾਲ ਚੰਦ ਨੇ ਲਾਇਲਪੁਰ ਰਹਿੰਦੇ ਸੂਦਕਾਂ ਦੇ ਨੰਗਲ ਵਾਲੇ ਪੰਡਿਤ ਸਾਹਿਬ ਦਿਆਲ ਜੀ ਨੂੰ ਉਸਤਾਦ ਧਾਰਨ ਕੀਤਾ ਤੇ ਸਿੱਖਣ ਲੱਗ ਪਿਆ , ਸਾਰੰਗੀ ਵਜਾਉਣੀ ਉਸਨੇ ਆਪਣੇ ਨਾਨੇ ਪਾਸੋਂ ਸਿੱਖ ਲਈ । ਢੋਲਕ ਤੇ ਦੋਤਾਰਾ ਪੰਡਿਤ ਸਾਹਿਬ ਦਿਆਲ ਤੋਂ ਸਿੱਖਿਆ । 1938 ਵਿੱਚ ਲਾਲ ਚੰਦ ਨੇ ਪੱਕੇ ਰਾਗਾਂ ਦੀ ਸਿੱਖਿਆ ਲੈਣ ਲਈ ਲਾਇਲਪੁਰ ਦੇ ਚੱਕ ਨੰ: 224 ਫੱਤੇ ਦੀਨ ਵਾਲੇ ਪਿੰਡ ਦੇ ਚੌਧਰੀ ਮਜੀਦ ਨੂੰ ਗੁਰੂ ਧਾਰ ਲਿਆ ।

1947 ਵਿੱਚ ਦੇਸ਼ ਦੀ ਵੰਡ ਹੋ ਗਈ । ਲਾਲ ਚੰਦ ਆਪਣੇ ਸਮੁੱਚੇ ਪਰਿਵਾਰ ਸਮੇਤ ਏਧਰ ਆ ਗਿਆ । ਕੁਝ ਦਿਨ ਜਲੰਧਰ ਗੁਜ਼ਾਰੇ ਤੇ ਫਿਰ ਲੁਧਿਆਣੇ ਆਣ ਡੇਰਾ ਲਗਾਇਆ। ਕਦੇ ਜੋਧੇਵਾਲ ਬਸਤੀ ਕਦੇ ਨੌਲੱਖਾ ਬਾਗ ਚ ਫੁੱਲ ਬੀਜਣ ਦੀ ਖੇਤੀ ਕੀਤੀ।

ਅਖੀਰ ਜਵਾਹਰ ਨਗਰ ਕੈਂਪ ਵਿੱਚ ਆ ਵੱਸੇ। ਉਧਰੋਂ ਆਏ ਸ਼ਰਨਾਰਥੀਆਂ ਲਈ ਇਥੇ ਕੈਂਪ ਸੀ । ਪਿੱਛੋਂ ਜਵਾਹਰ ਨਗਰ ਵਜੋਂ ਆਬਾਦ ਹੋਇਆ ਇਹ ਨਗਰ । ਲਾਲ ਚੰਦ ਨੇ ਆਪਣੀ ਜ਼ਿੰਦਗੀ ਇੱਥੇ ਹੀ ਕੱਢੀ । ਦੇਸ਼-ਵੰਡ ਕਾਰਨ ਉੱਥਲ-ਪੁੱਥਲ ਹੋ ਰਹੀ ਸੀ, ਲਾਲ ਚੰਦ ਨੂੰ ਕੋਈ ਕੰਮ ਨਹੀਂ ਸੀ ਲੱਭ ਰਿਹਾ । ਇੱਕ ਦਿਨ ਉਹ ਸਟੇਜੀ ਕਵੀ ਰਾਮ ਨਰੈਣ ਸਿੰਘ ਦੇ ਘਰ ਆਇਆ, ਹੱਥ ਜੋੜ ਕੇ ਅਰਜ਼ ਕੀਤੀ, “ ਜਨਾਬ ਉਧਰੋਂ ਉੱਜੜ ਕੇ ਆਏ ਆਂ । ਕੋਈ ਕੰਮ-ਕਾਰ ਨਹੀਂ । ਕਿਰਪਾ ਕਰੋ, ਕਿਧਰੇ ਕੰਮ ਦਿਲਵਾ ਦਿਓ ।” ਦਰਦੀ ਨੇ ਪੁੱਛਿਆ, “ ਕੀ ਕੰਮ ਕਰੇਂਗਾ ?” “ ਜਿੱਥੇ ਮਰਜ਼ੀ ਲਾਓ, ਰੋਟੀ ਦਾ ਸੁਆਲ ਏ ” , ਲਾਲ ਚੰਦ ਨੇ ਆਖਿਆ ਤਾਂ ਦਰਦੀ ਨੂੰ ਉਸ ਉੱਤੇ ਤਰਸ ਆ ਗਿਆ । ਉਸਨੇ ਉਸਨੂੰ ਆਪਣੇ ਬਾਗ਼ ਵਿੱਚ ਮਾਲੀ ਰੱਖ ਲਿਆ ਤੇ ਝੁੱਗੀ ਪਾ ਦਿੱਤੀ । ਪਰਿਵਾਰ ਵੀ ਨਾਲ ਰਹਿਣ ਲੱਗ ਪਿਆ, ਸਵੇਰੇ ਉਠ ਕੇ ਖੂਹ ਜੋੜਦਾ । ਜੁਆਕਾਂ ਨੂੰ ਉਠਕੇ ਨੁਹਾਉਂਦਾ । ਫਿਰ ਫੁੱਲ ਤੋੜਦਾ, ਹਾਰ ਪਰੋਂਦਾ ਤੇ ਕਿਤਾਬਾਂ ਵਾਲੇ ਚੌੜੇ ਬਾਜ਼ਾਰ ਵਿੱਚ ਵੇਚਣ ਜਾਂਦਾ । ਗੁਜ਼ਾਰਾ ਚੱਲਣ ਲੱਗਿਆ । ਇੱਕ ਦਿਨ, ਰਾਤ ਨੂੰ ਝੁੱਗੀ ਵਿੱਚ ਬੈਠਾ ਸਾਰੰਗੀ ਵਜਾਕੇ ਗਾਉਣ ਲੱਗ ਪਿਆ ਤਾਂ ਦਰਦੀ ਦੇ ਸਪੁੱਤਰ ਗੁਣਵੰਤ ਸਿੰਘ ਦੂਆ ਨੇ ਸੁਣ ਲਿਆ, “ ਪਾਪਾ ਜੀ, ਦੇਖੋ ਮਾਲੀ ਆਪਣਾ ਕਿੰਨਾ ਸੋਹਣਾ ਗਾਂਦਾ ਪਿਆ ਐ । ਨਾਲ-ਨਾਲ ਕੋਈ ਸਾਜ਼ ਵੀ ਵਜਾਂਦੈ, ਪਤਾ ਨੀ ਕੀ ਏ ।” ਦਰਦੀ ਸੁਣਕੇ ਦੰਗ ਰਹਿ ਗਿਆ ਤੇ ਦੂਸਰੇ ਦਿਨ ਹੀ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਸੀ, ਉੱਥੇ ਦਰਦੀ ਲਾਲ ਚੰਦ ਨੂੰ ਆਪਣੇ ਨਾਲ ਲੈ ਗਿਆ ਤੇ ਲਾਲ ਚੰਦ ਨੇ ਹਾਸ਼ਮ ਦੀ ਸੱਸੀ ਗਾਈ । ਫਿਰ ਦਰਦੀ ਨੇ ਲਾਲ ਚੰਦ ਨੂੰ ਇੱਕ ਧਾਰਮਿਕ ਗੀਤ ਚੇਤੇ ਕਰਵਾਇਆ, ਕਿਉਂਕਿ ਕੋਰਾ ਅਨਪੜ੍ਹ ਹੋਣ ਕਰਕੇ ਆਪ ਲਿਖ ਨਹੀਂ ਸੀ ਸਕਦਾ । ਗੀਤ ਸੀ : “ ਕੋਮਲ ਜਾਨਾਂ ਸ਼ਹਿਨਸ਼ਾਹ ਦੀਆਂ, ਹੱਥ ਬੇਦਰਦਾਂ ਦੇ ਆਈਆਂ ।” ਪਟਿਆਲੇ ਮਾਤਾ ਸਾਹਿਬ ਕੌਰ ਗੁਰਦੁਆਰੇ ਕਵੀ-ਦਰਬਾਰ ਵਿੱਚ ਆਪਣੇ ਨਾਲ ਲੈ ਗਿਆ । ਜਦ ਲਾਲ ਚੰਦ ਨੇ ਗਾਇਆ ਸੰਗਤਾਂ ਉੱਤੇ ਇੱਕ ਜਾਦੂ ਫੈਲ ਗਿਆ । ਬਾਵਾ ਬੁੱਧ ਸਿੰਘ ਕਵੀ ਦਰਬਾਰ ਦੇ ਇੰਚਾਰਜ ਸਨ, ਉਹਨਾਂ 35 ਰੁਪਈਏ ਦੇ ਦਿੱਤੇ । ਲਾਲ ਚੰਦ ਏਡੀ ਵੱਡੀ ਰਕਮ ਪਾ ਕੇ ਬਾਗੋਬਾਗ ਸੀ । ਇਹਨਾਂ ਹੀ ਦਿਨਾਂ ਵਿੱਚ ਦਰਦੀ ਜੀ ਨੇ ਪ੍ਰਸਿੱਧ ਸ਼ਾਇਰ ਸੁੰਦਰ ਦਾਸ ਆਸੀ ਨਾਲ ਮੇਲ ਕਰਵਾ ਦਿੱਤਾ ਤੇ ਉਹਨਾਂ ਨੂੰ ਲਾਲ ਚੰਦ ਨੇ ਆਪਣਾ ਕਾਵਿ-ਗੁਰੂ ਧਾਰ ਲਿਆ । ਲਾਲ ਚੰਦ ਆਸੀ ਕੋਲ ਕਵਿਤਾ ਸਿੱਖਣ ਜਾਂਦੇ। ਹੋਰ ਸ਼ਾਗਿਰਦ ਵੀ ਆਉਂਦੇ ਸਨ, ਉਹ ਕੁਝ ਪੜ੍ਹੇ ਹੋਣ ਕਾਰਨ ਆਸੀ ਵੱਲੋਂ ਦਿੱਤਾ ਜਾਂਦਾ ਸਬਕ ਆਪੋ-ਆਪਣੀਆਂ ਕਾਪੀਆਂ ਉੱਪਰ ਲਿਖ ਲਿਜਾਂਦੇ, ਅਨਪੜ੍ਹ ਲਾਲ ਚੰਦ ਏਧਰ-ਉਧਰ ਤਕਦਾ ਰਹਿੰਦਾ । ਗੋਲ-ਮਟੋਲ ਚਿਹਰਾ ਭੋਲਾ-ਭਾਲਾ । ਆਸੀ ਛੇੜਦਾ, “ ਉਏ ਤੂੰ ਤਾਂ ਬਿਲਕੁਲ ਯਮ੍ਹਲਾ ਈ ਏਂ....ਯਮ੍ਹਲਾ ਜੱਟ।” ਤੇ ਬਸ ਉਸੇ ਦਿਨ ਤੋਂ ਉਹ ਲਾਲ ਚੰਦ ਯਮਲਾ ਜੱਟ ਹੋ ਗਿਆ।ਇਹ ਵੀ ਚੇਤੇ ਕਰਨਾ ਜ਼ਰੂਰੀ ਹੈ ਕਿ ਯਮਲਾ ਜੱਟ ਨੇ ਊੜਾ ਐੜਾ ਦਰਦੀ ਜੀ ਦੀ ਜੀਵਨ ਸਾਥਣ ਪ੍ਰੋਃ ਤੇਜ ਕੋਰ ਦਰਦੀ ਤੋਂ ਸਿੱਖਿਆ।

ਜਦੋਂ ਯਮਲਾ ਜੱਟ ਨੇ ਆਕਾਸ਼ਵਾਣੀ ਤੋਂ ਗਾਉਣਾ ਸ਼ੁਰੂ ਕੀਤਾ ਤਾਂ ਦਿਨਾਂ ਵਿੱਚ ਹੀ ਉਸਦੀ ਪ੍ਰਸਿੱਧੀ ਦੇਸ਼ ਭਰ ਵਿੱਚ ਫੈਲ ਗਈ । ਐਚ. ਐਮ. ਵੀ. ਕੰਪਨੀ ਵਿੱਚ ਤੂੰਬੀ ਉੱਤੇ ਗਾਉਣ ਵਾਲਾ ਪਹਿਲਾ ਕਲਾਕਾਰ ਲਾਲ ਚੰਦ ਯਮਲਾ ਜੱਟ ਹੀ ਸੀ । ਜਿਉਂ-ਜਿਉਂ ਕੰਪਨੀ ਉਹਦੇ ਗੀਤ ਰਿਕਾਰਡ ਕਰਦੀ ਗਈ, ਉਹ ਦਿਨੋਂ-ਦਿਨ ਲੋਕਾਂ ਦੀ ਜ਼ੁਬਾਨ ‘ਤੇ ਚੜ੍ਹਦੇ ਗਏ । ਉਸਦੇ ਬਹੁ-ਪ੍ਰਚੱਲਿਤ ਗੀਤਾਂ ਵਿੱਚ : – ਤੇਰੇ ਨੀ ਕਰਾਰਾਂ ਮੈਨੂੰ ਪੱਟਿਆ – ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਏ – ਮੈਂ ਤੇਰੀ ਤੂੰ ਮੇਰਾ – ਜਵਾਨੀ ਮੇਰੀ ਰਾਂਗਲੀ – ਲੈ ਦੇ ਚਰਖ਼ਾ ਸ਼ੀਸ਼ਿਆਂ ਵਾਲਾ – ਸਤਿਗੁਰ ਨਾਨਕ ਆ ਜਾ – ਜੰਗਲ ਦੇ ਵਿੱਚ ਖੂਹਾਂ ਲੁਆਦੇ, ਉੱਤੇ ਪੁਆ ਦੇ ਡੋਲ – ਸਖੀਆ ਨਾਮ ਸਾਈਂ ਦਾ ਬੋਲ – ਕਣਕਾਂ ਜੰਮੀਆਂ ਗਿੱਠ-ਗਿੱਠ ਲੰਮੀਆਂ – ਫੁੱਲਾ ਮਹਿਕ ਨੂੰ ਸੰਭਾਲ – ਸੰਭਲ-ਸੰਭਲ ਕੇ ਚੱਲ ਮੁਟਿਆਰੇ ਲਾਲ ਚੰਦ ਨੇ ਆਪਣੇ ਲਿਖੇ ਹੋਏ ਗੀਤ ਹੀ ਗਾਏ ਜਾਂ ਲੋਕ-ਪ੍ਰਮਾਣਿਤ ਲੋਕ-ਗਾਥਾਵਾਂ ਨੂੰ ਗਾਇਆ । ਲਾਲ ਚੰਦ ਅਨਪੜ੍ਹ ਹੋਣ ਕਾਰਨ ਗੀਤ ਆਪਣੇ ਸ਼ਾਗਿਰਦ ਤੋਂ ਲਿਖਵਾ ਲੈਂਦਾ ਤੇ ਫਿਰ ਮੂੰਹ ਜ਼ੁਬਾਨੀ ਯਾਦ ਕਰ ਲੈਂਦਾ ਸੀ ।

ਤੂੰਬੀ ਦੀ ਸਿਰਜਣਾ ਬਾਬੇ ਲਾਲ ਚੰਦ ਦਾ ਕਥਨ ਸੀ ਕਿ, “ ਮੈਂ ਇੱਕ ਤਾਰ ਉੱਤੇ ਸੱਤ ਸੁਰਾਂ ਜਗਾਣ ਦਾ ਤਜਰਬਾ ਕੀਤਾ ਸੀ । ਵੱਡੇ-ਵੱਡੇ ਸਾਜ਼ ਚੁੱਕਣੇ ਔਖੇ ਸਨ । ਉਹਨੀਂ ਦਿਨੀਂ ਜਦ ਪ੍ਰੋਗਰਾਮਾਂ ਉੱਤੇ ਜਾਂਦੇ ਸਾਂ, ਲੰਮੇ ਪੈਂਡੇ, ਕੱਚੇ ਰਾਹ, ਤੁਰਕੇ ਜਾਂਦੇ ਸਾਂ, ਆਣ-ਜਾਣ ਦੇ ਸਾਧਨ ਨਹੀਂ ਸਨ, ਸਾਜ਼ ਭਾਰੀ ਹੁੰਦੇ, ਪਿੱਠਾਂ ਉੱਤੇ ਲਮਕਾ ਕੇ ਲਿਜਾਂਦੇ ਸਾਂ ਤਾਂ ਲਾਗੇ ਲੱਗ ਜਾਂਦੇ ਸਨ । ਤੂੰਬੀ ਹਲਕਾ ਤੇ ਹੌਲਾ-ਫੁੱਲ ਸਾਜ਼ ਏ । ਮੈਨੂੰ ਪ੍ਰਸੰਨਤਾ ਏ ਕਿ ਮੈਨੂੰ ਤੂੰਬੀ ਦਾ ਜਨਮਦਾਤਾ ਆਖਿਆ ਜਾਂਦਾ ਏ । ਮੈਂ ਏਸ ਤੂੰਬੀ ਉੱਤੇ ਸਾਫ਼-ਸੁਥਰੇ ਅਤੇ ਸਮਾਜਿਕ ਸਿੱਖਿਆ ਵਾਲੇ ਗੀਤ ਗਾਏ ਹਨ, ਪਰ ਕੁਝ ਲੋਕ ਇਸ ਤੂੰਬੀ ਉੱਤੇ ਲੱਚਰ ਕਿਸਮ ਦੇ ਗੀਤ ਗਾ ਕੇ ਇਸ ਸਾਜ਼ ਦਾ ਗਲਤ ਇਸਤੇਮਾਲ ਕਰ ਰਹੇ ਹਨ, ਜਿਸਦਾ ਮੈਨੂੰ ਦੁੱਖ ਵੀ ਹੈ ।” ਲਾਲ ਚੰਦ ਯਮਲਾ ਜੱਟ ਜੀ ਨੇ ਗਾਇਕਾ ਮਹਿੰਦਰਜੀਤ ਕੌਰ ਸੇਖੋਂ ਨਾਲ ਕੁਝ ਦੋਗਾਣੇ ਵੀ ਰਿਕਾਰਡ ਕਰਵਾਏ, ਜੋ ਬੱਚੇ ਬੱਚੇ ਦੀ ਜ਼ੁਬਾਨ ‘ਤੇ ਚੜ੍ਹ ਗਏ ;- – ਜਗਤੇ ਨੂੰ ਛੱਡ ਕੇ ਤੂੰ ਭਗਤੇ ਕਰ ਲੈ – ਦੋ ਤਾਰਾ ਵੱਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ , ਆਦਿ ਲਾਲ ਚੰਦ ਯਮਲਾ ਜੱਟ ਜੀ ਨੂੰ ਕਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੁਰਸਕਾਰ ਵੀ ਪ੍ਰਾਪਤ ਹੋਏ। ਉਹ ਆਪਣੀ ਕਲਾ ਦੇ ਜੌਹਰ ਵਿਖਾਉਣ ਕੈਨੇਡਾ, ਇੰਗਲੈਂਡ ਆਦਿ ਕਈ ਦੇਸ਼ਾਂ ਵਿੱਚ ਵੀ ਗਏ।

[9:32 AM, 12/20/2023] News Reporter: ਉਸ ਦੇ ਕੁਝ ਯਾਦਗਾਰੀ ਗੀਤ ਅੱਜ ਵੀ ਟੈਲੀਵੀਯਨ , ਰੇਡੀਓ ਤੇ ਯੂ ਟਿਊਬ ਆਦਿ ਤੇ ਸੁਣਾਈ ਦੇਂਦੇ ਹਨ।

‘ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਏ,
ਨੀਝਾਂ ਲਾ ਲਾ ਤੱਕਦੀ ਦੁਨੀਆਂ ਸਾਰੀ ਏ।
‘ਜੰਗਲ ਦੇ ਵਿੱਚ ਖੂਹਾ ਲੁਆ ਦੇ,
ਉੱਤੇ ਲੁਆ ਦੇ ਡੋਲ,
ਸਖੀਆਂ ਨਾਮ ਸਾਂਈਂ ਦਾ ਬੋਲ’,

‘ਤੇਰੇ ਨੀਂ ਕਰਾਰਾਂ ਮੈਨੂੰ ਪੱਟਿਆ,
ਦੱਸ ਮੈਂ ਕੀ ਜਹਾਨ ਵਿੱਚੋਂ ਖੱਟਿਆ’,

‘ਖੇਡਣ ਦੇ ਦਿਨ ਚਾਰ
ਜਵਾਨੀ ਫੇਰ ਨ੍ਹੀਂ ਆਉਣੀ’,

‘ਯਮਲਿਆ ਕੀ ਲੈਣਾ ਕਿਸੇ ਨਾਲ ਕਰਕੇ ਪਿਆਰ’,

‘ਤਾਰਾ ਵੱਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ’,

‘ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ’

ਉਹ ਕਈ ਪੁਰਸਕਾਰਾਂ ਨਾਲ ਸਨਮਾਨੇ ਗਏ ਜਿੰਨ੍ਹਾਂ ਵਿੱਚੋਂ ਪੰਡਤ ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਗੋਲ਼ਡ ਮੈਡਲ 1956 ਵਿੱਚ 1989 ਵਿੱਚ ਨੈਸ਼ਨਲ ਅਕੈਡਮੀ ਡਾਂਸ ਤੇ ਡਰਾਮਾ ਦੁਆਰਾ ਲਾਈਫ ਟਾਈਮ ਅਚੀਵਮੈਂਟ ਅਵਾਰਡ

ਲਾਲ ਚੰਦ ਯਮਲਾ ਜੱਟ ਦੇ ਪੰਜ ਪੁੱਤਰ ਹੋਏ। ਕਰਤਾਰ ਚੰਦ, ਜਸਵਿੰਦਰ ਯਮਲਾ ਜਸਦੇਵ ਯਮਲਾ ,ਜਗਦੀਸ਼ ਯਮਲਾ ਤੇ ਜਗਵਿੰਦਰ ਕੁਮਾਰ ਸਭ ਸੁਰਗਵਾਸ ਹੋ ਚੁਕੇ ਨੇ। ਸੰਤੋਸ਼ ਰਾਣੀ ਤੇ ਸਰੂਪ ਰਾਣੀ ਦੋ ਧੀਆਂ ਨੇ।

ਆਪਣੇ ਪਿਤਾ ਦੀ ਸੰਗੀਤ ਪ੍ਰੰਪਰਾ ਨੂੰ ਜਸਦੇਵ ਯਮਲਾ ਦੀ ਸੁਪਤਨੀ ਸਰਬਜੀਤ ਕੌਰ ਅਤੇ ਕਰਤਾਰ ਚੰਦ ਦਾ ਸਪੁੱਤਰ ਸੁਰੇਸ਼ ਯਮਲਾ ਤੇ ਵਿਜੈ ਯਮਲਾ ਜੱਟ ਅੱਗੇ ਤੋਰ ਰਹੇ ਹਨ।

ਨਰਿੰਦਰ ਬੀਬਾ, ਜਗਤ ਸਿੰਘ ਜੱਗਾ, ਅਮਰਜੀਤ ਸਿੰਘ ਗੁਰਦਾਸਪੁਰੀ , ਜਾਗੀਰ ਸਿੰਘ ਤਾਲਿਬ, ਅਮਰੀਕ ਸਿੰਘ ਦੱਤ, ਕਸ਼ਮੀਰ ਸਿੰਘ ਸ਼ੰਭੂ, ਅਮਰੀਕ ਸਿੰਘ ਗਾਜ਼ੀਨੰਗਲ, ਕਿਰਪਾਲ ਸਿੰਘ ਭੋਲਾ, ਦਲਬੀਰ ਨਸ਼ਈ, ਜਸਬੀਰ ਖ਼ੁਸ਼ਦਿਲ, ਸਵਰਨ ਆਪਣਾ, ਦੇਵਿੰਦਰ ਧਾਰੀਆ ਤੇ ਨਿੰਦਰ ਘੁਗਿਆਣਵੀ ਆਦਿ ਯਮਲਾ ਜੀ ਦੇ ਅਨੇਕਾਂ ਜੀ ਸ਼ਾਗਿਰਦ ਹੋਏ ਹਨ।

ਅੰਤਿਮ ਵੇਲੇ ਇੱਕ ਰਾਤ ਲਾਲ ਚੰਦ ਯਮਲਾ ਜੱਟ ਆਪਣੇ ਘਰ ਵਿਖੇ ਫ਼ਰਸ਼ ‘ਤੇ ਪੈਰ ਤਿਲ੍ਹਕ ਜਾਣ ਕਾਰਨ ਡਿੱਗ ਪਏ ਤੇ ਉਨ੍ਹਾਂ ਦੇ ਚੂਲੇ ਉੱਪਰ ਸਖ਼ਤ ਸੱਟ ਲੱਗ ਗਈ, ਸਿੱਟੇ ਵਜੋਂ ਉਹਨਾਂ ਦੀ ਸਿਹਤ ਦਿਨੋਂ-ਦਿਨ ਮਾੜੀ ਹੁੰਦੀ ਗਈ।

ਉਸ ਸਮੇਂ ਪੰਜਾਬ ਦੇ ਗਵਰਨਰ ਸ੍ਰੀ ਸੁਰਿੰਦਰ ਨਾਥ ਲੁਧਿਆਣਾ ਆਏ ਹੋਏ ਸਨ। ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸਃ ਸਰਵਣ ਸਿੰਘ ਚੰਨੀ ਨੂੰ ਮੈਂ ਤੇ ਸਤਿਬੀਰ ਸਿੰਘ ਪੱਤਰਕਾਰ ਪੰਜਾਬੀ ਟ੍ਰਿਬਿਊਨ ਨੇ ਡੀ ਪੀ ਆਰ ਓ ਲੁਧਿਆਣਾ ਸਃ ਗੁਰਚਰਨ ਸਿੰਘ ਸੋਢੀ ਰਾਹੀਂ ਬੇਨਤੀ ਕੀਤੀ ਕਿ ਉਸਤਾਦ ਜੀ ਦੀ ਖ਼ਬਰ ਸਾਰ ਲੈਣ ਲਈ ਗਵਰਨਰ ਸਾਹਿਬ ਨੂੰ ਜਾਣਾ ਚਾਹੀਦੈ। ਉਹ ਬੇਨਤੀ ਪਰਵਾਨ ਹੋ ਗਈ। ਗਵਰਨਰੀ ਰਾਜ ਸੀ ਤੇ ਹਾਲਾਤ ਵੀ ਬਹੁਤ ਕਸ਼ੀਦਗੀ ਵਾਲੇ ਸਨ। ਪਬਲਿਕ ਚੋਂ ਸਿਰਫ਼ ਮੈਂ ਤੇ ਸਤਿਬੀਰ ਹੀ ਸਾਂ ਉਥੇ ਜਾਂ ਡੀ ਸੀ ਤੇ ਡੀ ਪੀ ਆਰ ਓ ਸਨ। ਦੂਰਦਰਸ਼ਨ ਦੇ ਰੀਪੋਰਟਰ ਜਗਮੋਹਨ ਕੰਬੋਜ ਨੇ ਇਸ ਪਲ ਦੀ ਫਿਲਮ ਬਣਾ ਕੇ ਟੀ ਵੀ ਤੇ ਚਲਾਈ। ਗਵਰਨਰ ਪੰਜਾਬ ਸੁਰਿੰਦਰ ਨਾਥ ਜੀ ਨੇ ਉਹਨਾਂ ਦੇ ਡੇਰੇ ਜਾ ਕੇ ਹਾਲ-ਚਾਲ ਵੀ ਪੁੱਛਿਆ ਤੇ ਗਿਆਰਾਂ ਹਜ਼ਾਰ ਰੁਪੈ ਦੀ ਦਰਸ਼ਨ ਭੇਟਾ ਵੀ ਭੇਂਟ ਕੀਤੀ ।

ਗਵਰਨਰ ਸਾਹਿਬ ਨੇ ਪੁੱਛਿਆ ਕਿ ਮੈਂ ਤੁਹਾਡੇ ਲਈ ਕੀ ਕਰ ਸਕਦਾਂ?

ਉਸਤਾਦ ਜੀ ਬੋਲੇ, ਤੁਸੀਂ ਮੈਨੂੰ ਕੀ ਦੇ ਸਕਦੇ ਹੋ, ਮੇਰੇ ਪੰਜਾਬ ਨੂੰ ਅਮਨ ਚੈਨ ਦੇ ਦਿਉ।

ਗਵਰਨਰ ਸਾਹਿਬ ਦੀ ਇੱਛਾ ਪੂਰਤੀ ਲਈ ਉਨ੍ਹਾਂ ਤੂੰਬੀ ਟੁਣਕਾਈ ਤੇ ਗੀਤ ਵੀ ਸੁਣਾਇਆ। ਮੈਨੂੰ ਯਾਦ ਹੈ ਉਨ੍ਹਾਂ ਦੇ ਪੁੱਤਰ ਕਰਤਾਰ ਨੇ ਮੇਜ਼ ਦੀ ਥਾਪ ਤੇ ਤਾਲ ਦਿੱਤਾ ਸੀ।